# ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2026/ 21894 **ਦਫਤਰੀ ਹੁਕਮ** ਮਿਤੀ- 3/6/26

ਪੰਜਾਬ ਸਰਕਾਰ, ਮੈਡੀਕਲ ਸਿਖਿਆ ਤੇ ਖੋਜ ਵਿਭਾਗ (ਸਿਹਤ-3 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਰਾਹੀਂ ਜਾਰੀ ਹਦਾਇਤਾਂ/ਅਧਿਕਾਰਾਂ ਦੇ ਸਨਮੁੱਖ ਇਸ ਦਫਤਰ ਵੱਲੋਂ ਇਸ ਸੰਸਥਾ ਦੇ ਵੱਖ-ਵੱਖ ਵਿਭਾਗਾਂ ਵਿੱਚ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਖਾਲੀ ਅਸਾਮੀਆਂ ਦੀ ਚੋਣ ਕਰਨ ਲਈ ਲੀਡਿੰਗ ਅਖਬਾਰਾਂ ਅਤੇ ਸੰਸਥਾ ਦੀ ਵੈਬ-ਸਾਈਟ ਤੇ ਵਿਗਿਆਪਨ ਨੰ: PR-Advt.No. 2329/12/2026-27/10855 ਅਤੇ DPR/PB/2329/12/2026-27/10855 ਮਿਤੀ 27.04.2026 ਨੂੰ ਪ੍ਰਕਾਸ਼ਿਤ ਕਰਦੇ ਹੋਏ ਬਿਨੈਕਾਰਾਂ ਪਾਸੋਂ ਸੀਨੀਅਰ ਰੈਜੀਡੈਂਟ ਦੀਆਂ ਖਾਲੀ ਆਸਾਮੀਆਂ ਭਰਨ ਲਈ ਮਿਤੀ 12.05.2026 ਤੱਕ ਅਰਜੀਆਂ ਦੀ ਮੰਗ ਕੀਤੀ ਗਈ ਸੀ। ਨਿਰਧਾਰਿਤ ਮਿਤੀ ਤੱਕ ਬਿਨੈਕਾਰਾਂ ਪਾਸੋਂ ਪ੍ਰਾਪਤ ਅਰਜੀਆਂ ਘੋਖਣ ਉਪਰੰਤ ਸੀਨੀਅਰ ਰੈਜੀਡੈਂਟ ਦੀ ਚੋਣ ਕਰਨ ਲਈ ਇਸ ਸੰਸਥਾ ਦੀ ਸਲੈਕਸ਼ਨ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ ਯੋਗ ਪਾਏ ਗਏ ਨਿਮਨ ਦਰਸਾਏ ਬਿਨੈਕਾਰਾਂ ਦੀ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵਿਭਾਗਾਂ ਵਿੱਚ ਇਸ ਸੰਸਥਾ ਵਿਖੇ ਬਤੌਰ ਸੀਨੀਅਰ ਰੈਜੀਡੈਂਟ 03 ਸਾਲ ਦੇ ਟੈਨਿਓਰ ਲਈ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਚੋਣ ਕੀਤੀ ਜਾਂਦੀ ਹੈ:-

(1) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਮੀਦਵਾਰਾਂ ਦੀ ਚੋਣ ਦੇ ਹੁਕਮ ਇਸ ਸੰਸਥਾ ਦੀ ਵੈਬ ਸਾਈਟ (www.gmcpatiala.edu.in) ਤੇ Upload ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਸਬੰਧਤ ਉਮੀਦਵਾਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕਰਨਗੇ।

(2) ਚੁਣੇ ਗਏ ਉਮੀਦਵਾਰਾਂ ਦੀ ਜਿਸ ਵਿਭਾਗ ਵਿਚ ਬਤੌਰ ਸੀਨੀਅਰ ਰੈਜੀਡੈਂਟ ਚੋਣ ਹੋ ਜਾਵੇਗੀ, ਉਹ ਅੰਤਿਮ ਹੋਵੇਗੀ।

(3) ਚੁਣੇ ਗਏ ਉਮੀਦਵਾਰਾਂ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ:1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।

(4) ਚੁਣੇ ਗਏ ਉਮੀਦਵਾਰਾਂ ਵਿਚੋਂ ਜਿਹੜੇ ਉਮੀਦਵਾਰਾਂ ਦੀ ਚੋਣ ਪੀ.ਸੀ.ਐਮ.ਐਸ ਕੈਟਾਗਰੀ ਤੋਂ ਇਲਾਵਾ ਹੋਰ ਕਿਸੇ ਕੈਟਾਗਰੀ ਵਿਚ ਹੋਈ ਹੈ, ਉਹਨਾਂ ਉਮੀਦਾਵਰਾਂ ਨੂੰ ਬਣਦਾ Honorarium ਸਰਕਾਰ ਦੇ ਹੁਕਮ ਮੀਮੋ ਨੰ: 3.ਐਮ.ਈ.3-ਪੰ-2025/12220 ਮਿਤੀ 30.07.2025 ਅਨੁਸਾਰ ਮਿਲਣਯੋਗ ਹੋਵੇਗਾ।

(5) ਚੁਣੇ ਗਏ ਉਮੀਦਵਾਰਾਂ ਨੂੰ ਡਾਕੂਮੈਂਟਸ ਵੈਰੀਫਿਕੇਸ਼ਨ/ਯੋਗਤਾ ਚੈਕ ਕਰਨ ਉਪਰੰਤ ਹੀ ਜੁਆਇੰਨ ਕਰਵਾਇਆ ਜਾਵੇਗਾ ਅਤੇ ਜੇਕਰ ਕਿਸੇ ਉਮੀਦਵਾਰ ਦੇ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਜਾਂ ਡਾਕੂਮੈਂਟ ਵੈਰੀਫਿਕੇਸ਼ਨ ਸਮੇ ਕਿਸੇ ਉਮੀਦਵਾਰ ਦੀ ਯੋਗਤਾ ਪੂਰੀ ਨਹੀਂ ਹੁੰਦੀ ਤਾਂ ਉਸ ਉਮੀਦਵਾਰ ਦੀ ਚੋਣ ਰੱਦ ਸਮਝੀ ਜਾਵੇਗੀ।

(5) ਕੈਟਾਗਰੀ 1 ਤੋ 5 ਤੱਕ ਦੇ ਡਾਕਟਰ ਆਪਣੀ ਜੁਆਇਨਿੰਗ ਸਮੇਂ ਪਿੱਤਰੀ ਵਿਭਾਗ ਤੋਂ ਜਾਰੀ ਫਾਰਮਲ ਐਨ.ਓ.ਸੀ ਪੇਸ਼ ਕਰਨਗੇ ਅਤੇ ਪਿੱਤਰੀ ਵਿਭਾਗ ਪਾਸੋਂ ਫਾਰ੍ਹਮਲ ਐਨ.ਓ.ਸੀ ਪੇਸ਼ ਕਰਨ ਦੀ ਸੂਰਤ ਵਿੱਚ ਹੀ ਹਾਜਰ ਕਰਵਾਇਆ ਜਾਵੇਗਾ।

(6) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਮੀਦਵਾਰ ਵਿਚੋਂ ਜੇਕਰ ਕੋਈ ਉਮੀਦਵਾਰ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਅਧੀਨ ਕਿਸੇ ਵੀ ਸੰਸਥਾ ਵਿਖੇ ਬਾਂਡਿਡ ਡਾਕਟਰ ਵੱਜੋਂ ਸੀਨੀਅਰ ਰੈਜੀਡੈਂਸੀ/ਬਾਂਡਿਡ ਉਮੀਦਵਾਰ ਵੱਜੋਂ ਸੇਵਾ ਕਰ ਰਿਹਾ ਹੈ ਤਾ ਉਸ ਡਾਕਟਰ ਵੱਲੋਂ ਇਸ ਸੰਸਥਾ ਵਿਖੇ ਸੀਨੀਅਰ ਰੈਜੀਡੈਂਸੀ ਲਈ ਹਾਜਰ ਹੋਣ ਸਮੇ ਸਮਰੱਥ ਅਧਿਕਾਰੀ ਪਾਸੋਂ ਜਾਰੀ ਕੀਤਾ ਗਿਆ ਇਤਰਾਜਹੀਣਤਾ ਸਰਟੀਫਿਕੇਟ ਪੇਸ਼ ਕੀਤਾ ਜਾਵੇਗਾ ਕਿ ਉਹ ਜਿਸ ਸੰਸਥਾ ਵਿਖੇ ਬਾਂਡਿਡ ਡਾਕਟਰ ਵੱਲੋਂ ਸੀਨੀਅਰ ਰੈਜੀਡੈਂਸੀ/ਬਾਂਡਿਡ ਉਮੀਦਵਾਰ ਵੱਜੋਂ ਸੇਵਾ ਕਰ ਰਿਹਾ ਹੈ, ਉਸ ਸੰਸਥਾ ਨੂੰ ਡਾਕਟਰ ਦੇ ਇਸ ਸੰਸਥਾ ਵਿਖੇ ਸੀਨੀਅਰ ਰੈਜੀਡੈਂਸੀ ਕਰਨ ਤੇ ਕੋਈ ਇਤਰਾਜ ਨਹੀਂ ਹੈ ਅਤੇ ਇਸ ਤੋਂ ਇਲਾਵਾ ਉਮੀਦਵਾਰ ਵੱਲੋਂ ਪੰਜਾਬ ਸਰਕਾਰ ਪਾਸ ਜੇਕਰ ਸ਼ਿਓਰਟੀ ਬਾਂਡ ਭਰਿਆ ਗਿਆ ਜਾਂ ਨਹੀ ਸਬੰਧੀ ਵੀ ਸਵੈ ਘੋਸ਼ਣਾ ਦਿੱਤੀ ਜਾਵੇਗੀ।

| S.No. | Name of Doctors | Father / Husband Name | Category (1 to 7) | Remarks |
|---|---|---|---|---|
| | **Anaesthesiology Including Iccu Etc** | | | |
| 1 | Dr. Meghna Chaudhary | Sh. Rajan Chaudhary | 7 | |
| | **Medicine** | | | |
| 1 | Dr. Devambika Mehta | Sh. Nitin Mehta | 7 | |
| 2 | Dr. Gunitinder Singh Aujla | Sh. Hoshiar Singh Aujla | 7 | |
| | **Microbiology** | | | |
| 1 | Dr. Anu Bala | Sh. Swaran Dass | 7 | |
| | **Neurosugery** | | | |
| 1 | Dr. Harmanjit Singh | Sh. Jit Singh | 7 | |
| | **Obst & Gynae** | | | |
| 1 | Dr. Kirandeep kaur | Sh. Tejinder Singh | 7 | |
| | **Psychiatry** | | | |
| 1 | Dr.Jivitesh Singh Chahal, Medical Officer, Merit No. RMO, Civil Hospital Fatehgarh Sahib | Sh.Major Singh Chahal | 1 | |

| | | | | |
|---|---|---|---|---|
| **Plastic Surgery** | | | | |
| 1 | Dr. Sonalika Sharma | Sh. Manu Raj Kaushal | 7 | *Subject to condition below note 1 |
| 2 | Dr. Richa Tripathi | Sh. Ajay Kumar | 7 | |
| **Immunohematology and Blood Transfusion** | | | | |
| 1 | Dr. Aashna Goyal | Sh. Shreyans Goyal | 7 | |
| **Urology** | | | | |
| 1 | Dr. Suraj Bansal | Sh. Subodh Kumar | 7 | |

ਨੋਟ *1. ਸਬੰਧਤ ਡਾਕਟਰ ਵੱਲੋਂ ਮਿਤੀ 11.05.2026 ਨੂੰ ਦਿੱਤੀ ਗਈ ਪ੍ਰਤੀ ਬੇਨਤੀ ਨੂੰ ਵਿਚਾਰਣ ਉਪਰੰਤ ਸਬੰਧਤ ਡਾਕਟਰ ਦੀ ਚੋਣ ਇਸ ਸ਼ਰਤ ਤੇ ਕੀਤੀ ਜਾਂਦੀ ਹੈ ਕਿ ਡਾਕਟਰ ਵੱਲੋਂ ਸਿਹਤ ਵਿਭਾਗ, ਪੰਜਾਬ ਅਧੀਨ ਪੀ.ਸੀ.ਐਮ.ਐਸ ਸੇਵਾ ਤੋਂ ਅਸਤੀਫਾ ਦੇਣ ਉਪਰੰਤ ਨਿਸ਼ਚਿਤ ਸਮੇ ਦੇ ਅੰਦਰ ਅੰਦਰ ਸੀਨੀਅਰ ਰੈਜੀਡੈਂਸੀ ਜੁਆਇਨ ਕੀਤੀ ਜਾਵੇਗੀ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੰਟ ਸੀਨੀਅਰ ਸਹਾਇਕ ਕਲਰਕ

ਪਿੱ:ਅੰ:ਨੰ:1(4024)ਈ1/2026/ 21895-21910

ਮਿਤੀ- 3/6/26

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ, ਮੋਹਾਲੀ।
7. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
8. ਰਜਿਸਟਰਾਰ, ਬਾਬਾ ਫਰੀਦ ਯੂਨਿਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।
9. ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।
10. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
11. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਦੇ ਪ੍ਰੋਫੈਸਰ ਤੇ ਮੁੱਖੀਆਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਉਪਰੋਕਤ ਚੁਣੇ ਗਏ ਉਮੀਦਵਾਰ ਨੂੰ ਸਿੱਧੇ ਤੋਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵੇ।
12. ਪ੍ਰੋਫੈਸਰ ਤੇ ਮੁੱਖੀ ਕਮ ਚੇਅਰਮੈਨ ਮੈਡੀਕਲ ਬੋਰਡ, ਅਨਾਟਮੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
13. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਵਿਚ ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਪਰੋਕਤ ਡਾਕਟਰਾਂ ਨੂੰ ਇਹ ਹੁਕਮ ਉਹਨਾਂ ਦੀ ਈ.ਮੇਲ ਪਤੇ ਤੇ ਭੇਜੇ ਜਾਂਦੇ ਹਨ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੰਟ ਸੀਨੀਅਰ ਸਹਾਇਕ ਕਲਰਕ